# ਲਾਲਚੀ ਕੁੱਤਾ

ਇੱਕ ਵਾਰ ਦੀ  ਗੱਲ ਹੈ ਕਿ ਇੱਕ ਪਿੰਡ  ਵਿੱਚ ਕੁੱਤਾ ਰਹਿੰਦਾ ਸੀ।

ਉਹ  ਬੜਾ  ਲਾਲਚੀ  ਸੀ।




ਇੱਕ ਦਿਨ ਉਹ ਬਹੁਤ ਭੁੱਖਾ ਸੀ। ਉਹ ਇੱਕ ਪਿੰਡ ਵਿੱਚ ਗਿਆ। ਉਸ ਨੂੰ ਕਿਸੇ ਪਾਸੇ ਤੋਂ ਇੱਕ ਮੀਟ ਦਾ ਟੁਕੜਾ ਮਿਲਿਆ।



ਮੀਟ ਵੇਖ ਕੇ ਉਹ ਬੜਾ ਖੁਸ਼ ਹੋਇਆ। ਕਿਸੇ ਇਕਾਂਤ ਵਾਲੀ ਥਾਂ ਤੇ ਖਾਣ ਵਾਸਤੇ ਉਹ ਇਕ ਪਾਸੇ ਵੱਲ ਨੂੰ ਤੁਰ ਪਿਆ।



ਰਸਤੇ ਵਿੱਚ ਇੱਕ ਛੋਟੀ  ਜਿਹੀ ਨਦੀ ਆਉਂਦੀ ਸੀ।




ਜਦੋਂ ਉਹ  ਨਦੀ ਦੇ ਪੁਲ ਉੱਤੋਂ ਲੰਘਣ ਲੱਗਾ ਤਾਂ ਉਸਦੀ ਨਜ਼ਰ ਪਾਣੀ ਉੱਤੇ ਜਾ ਪਈ। ਉਸ ਨੇ ਆਪਣਾ ਪਰਛਾਵਾਂ ਪਾਣੀ ਵਿੱਚ ਦੇਖਿਆ ਤਾਂ ਉਸ ਨੂੰ ਇੱਕ ਹੋਰ ਕੁੱਤਾ ਦਿਸਿਆ ਜਿਸ ਦੇ ਮੂੰਹ ਵਿਚ ਮਾਸ ਦਾ ਟੁਕੜਾ ਸੀ।




ਉਸਦੇ ਮਨ ਵਿੱਚ ਲਾਲਚ ਆ ਗਿਆ। ਕਲਪਨਾ ਵਿੱਚ ਉਹ ਦੋਹਾਂ ਟੁਕੜਿਆਂ ਦਾ ਸੁਆਦ ਮਾਨਣ ਲੱਗ ਪਿਆ।



ਉਹ ਪੁਲ ਉੱਤੇ ਖੜ੍ਹਾ ਹੋ ਗਿਆ ਤੇ ਸੋਚਣ ਲੱਗਾ ਕਿ ਉਸ ਦੇ ਭੌਂਕਣ ਤੇ ਦੂਸਰਾ ਕੁੱਤਾ ਮਾਸ ਦਾ ਟੁਕੜਾ ਛੱਡ ਕੇ ਦੌੜ ਜਾਵੇਗਾ। ਉਹ ਜ਼ੋਰ ਦੀ ਭੌਂਕਿਆ। ਜਿਉਂ ਹੀ ਉਸ ਨੇ ਆਪਣਾ ਮੂੰਹ ਖੋਲਿਆ ਤਾਂ ਉਸ ਦਾ ਆਪਣਾ ਮਾਸ ਦਾ ਟੁਕੜਾ ਪਾਣੀ ਵਿੱਚ ਡਿੱਗ ਪਿਆ।



ਉਹ ਬਹੁਤ ਪਛਤਾਇਆ। ਲਾਲਚ ਕਾਰਨ ਉਹ ਆਪਣਾ ਟੁਕੜਾ ਵੀ ਗੁਆ ਬੈਠਾ ਸੀ।



ਸਿੱਟਾ :- ਲਾਲਚ ਬੁਰੀ ਬਲਾ ਹੈ।

ਤਿਆਰ ਕਰਤਾ

ਸੰਦੀਪ ਸਿੰਘ ਪੰਜਾਬੀ ਮਾਸਟਰ

ਸ.ਹ.ਸ. ਭਿੰਡੀ ਐਲਖ ( ਅੰਮ੍ਰਿਤਸਰ )